# ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ

**(ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ)**

## <u>ਪਬਲਿਕ ਨੋਟਿਸ</u>

**(57 ਬੈਕਲਾਗ ਅਸਾਮੀਆਂ ਵਿਰੁੱਧ ਸਿਲੈਕਟ ਹੋਏ ਉਮੀਦਵਾਰਾਂ ਨੂੰ ਸਟੇਸ਼ਨ ਦੀ ਚੋਣ ਕਰਵਾਉਣ ਸਬੰਧੀ)**

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਸਕੂਲ ਲਾਇਬ੍ਰੇਰੀਅਨ ਦੀਆਂ 57 ਬੈਕਲਾਗ ਅਸਾਮੀਆਂ ਭਰਨ ਲਈ ਮਿਤੀ 21.05.2022 ਨੂੰ ਇਸ਼ਤਿਹਾਰ ਦਿੱਤਾ ਗਿਆ ਸੀ। ਇਹਨਾਂ ਆਸਾਮੀਆਂ ਵਿਰੁੱਧ ਯੋਗ ਪਾਏ ਗਏ 41 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾ ਚੁੱਕੇ ਹਨ। ਇਹਨਾਂ ਉਮੀਦਵਾਰਾਂ ਨੂੰ ਮਿਤੀ 23.10.2023 ਨੂੰ ਸਵੇਰੇ 9 ਵਜੇ ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ. ਨਗਰ ਵਿਖੇ ਸਟੇਸ਼ਨ ਚੋਣ ਲਈ ਬੁਲਾਇਆ ਜਾਂਦਾ ਹੈ। ਇਹਨਾਂ ਉਮੀਦਵਾਰਾਂ ਦੀ ਸੂਚੀ ਇਸ ਪੱਤਰ ਨਾਲ ਨੱਥੀ ਕਰਦੇ ਹੋਏ ਵਿਭਾਗ ਦੀ ਵੈਬਸਾਇਟ **ssapunjab.gov.in** ਤੇ ਅਪਲੋਡ ਕੀਤੀ ਜਾਂਦੀ ਹੈ। ਉਮੀਦਵਾਰ ਜਾਰੀ ਕੀਤਾ ਗਿਆ ਨਿਯੁਕਤੀ ਪੱਤਰ ਨਾਲ ਲੈ ਕੇ ਆਉਣਗੇ।

2.0 ਇਹਨਾਂ **ਉਮੀਦਵਾਰਾਂ** ਵਿੱਚੋਂ ਸਟੇਸ਼ਨ ਚੋਣ ਕਰਨ ਲਈ ਹੇਠ ਲਿਖੀਆਂ ਕੈਟਾਗਿਰੀਆਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ:-

1. ਵਿਧਵਾ ਕੇਸ।
2. ਅੰਗਹੀਣ (ਜੋ 40 ਪ੍ਰਤੀਸ਼ਤ ਤੋਂ ਵੱਧ ਅੰਗਹੀਣ ਹੋਣ)।
3. ਕੈਂਸਰ ਦੇ ਮਰੀਜ਼, ਖਰਾਬ ਕਿਡਨੀ ਦੇ ਮਰੀਜ (ਖੁਦ ਜੋ ਡਾਇਲਸਿਸ ਤੇ ਹੋਣ)।
4. ਜਿਨ੍ਹਾਂ ਦੇ ਬੱਚੇ 60 ਪ੍ਰਤੀਸ਼ਤ ਤੋਂ ਵੱਧ ਡਿਸਏਬਲਡ ਹੋਣ, ਕੈਂਸਰ ਅਤੇ ਖਰਾਬ ਕਿਡਨੀ (ਡਾਇਲਸਿਸ ਤੇ ਹੋਣ) ਤੋਂ ਪੀੜਿਤ ਹੋਣ।

3.0 ਜੋ **ਉਮੀਦਵਾਰ** ਉਪਰੋਕਤ ਕੈਟੇਗਰੀ ਅਧੀਨ ਲਾਭ ਲੈਣਾ ਚਾਹੁੰਦੇ ਹਨ, ਉਹ ਉਪਰੋਕਤ ਕੈਟਾਗਿਰੀ ਦੇ ਨਾਲ ਸਬੰਧਤ ਦਸਤਾਵੇਜ਼ਾਂ (ਸਮੇਤ ਫੋਟੋ ਕਾਪੀ) **ਮਿਤੀ 23.10.2023 ਨੂੰ ਨਾਲ ਲੈ ਕੇ ਆਉਣਗੇ।** ਇਹਨਾਂ ਉਮੀਦਵਾਰਾਂ ਦੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਉਪਰੋਕਤ ਕੈਟਾਗਰੀ ਵਿੱਚ ਪਹਿਲ ਦੇ ਆਧਾਰ ਤੇ ਸਟੇਸ਼ਨ ਚੋਣ ਕਰਵਾਉਣ ਲਈ ਵਿਚਾਰ ਕੀਤਾ ਜਾਵੇਗਾ।

4.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਨੋਟਿਸ ਜਾਰੀ ਕਰਨ ਨਾਲ ਉਪਰੋਕਤ ਕੈਟਾਗਰੀ ਦੇ ਉਮੀਦਵਾਰ ਦਾ ਪਹਿਲਾ ਸਟੇਸ਼ਨ ਲੈਣ ਦਾ ਹੱਕ ਨਹੀਂ ਬਣ ਜਾਂਦਾ। ਇਹਨਾਂ ਨੂੰ ਪਹਿਲ ਦੇ ਆਧਾਰ ਤੇ ਸਟੇਸ਼ਨ ਅਲਾਟ ਕਰਨ ਜਾਂ ਨਾ ਕਰਨ ਬਾਰੇ ਜੋ ਵੀ ਵਿਭਾਗ ਵੱਲੋਂ ਫੈਸਲਾ ਕੀਤਾ ਜਾਵੇਗਾ ਉਹ ਆਖਰੀ ਹੋਵੇਗਾ।

**ਨੋਟ:- ਜੇਕਰ ਕੋਈ ਉਮੀਦਵਾਰ ਨਿਸਚਿਤ ਮਿਤੀ ਨੂੰ ਸਟੇਸ਼ਨ ਚੋਣ ਲਈ ਹਾਜ਼ਰ ਨਹੀਂ ਹੁੰਦਾ ਤਾਂ ਦਫਤਰ ਵੱਲੋਂ ਉਸਨੂੰ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ।**

**ਪੱਤਰ ਨੰ.** ਈ-464957-ਟਾਮ(ਦ)/

**ਮਿਤੀ: 20.10.2023**

20/10/23

**ਸਹਾਇਕ ਡਾਇਰੈਕਟਰ ਦਫਤਰੀ ਅਮਲਾ**